ਸਾਫ਼ ਪਾਣੀ
ਖੁਸ਼ਹਾਲ ਪਿੰਡ ਦੀ ਨਿਸ਼ਾਨੀ

# ਨਿਰਮਲ ਜਲ

ਪੱਤ੍ਰਿਕਾ (ਤਿਮਾਹੀ)

ਸੰਪਾਦਕ: ਇੰਜੀ. ਐਨ. ਕੇ. ਧੀਰ | ਮਈ - ਜੁਲਾਈ 2010 | ਸਾਲ : ਪਹਿਲਾ | ਅੰਕ: 2

## ਸੰਦੇਸ਼



ਮੈਨੂੰ ਇਹ ਦੱਸਦੇ ਹੋਏ ਬੜੀ ਖ਼ੁਸ਼ੀ ਹੋ ਰਹੀ ਹੈ ਕਿ ਪਹਿਲੀ ਤਿਮਾਹੀ ਨਿਰਮਲ ਜਲ ਪੱਤ੍ਰਿਕਾ ਦੀ ਵੱਖ-ਵੱਖ ਵਿਭਾਗਾਂ ਦੇ ਨੁਮਾਇੰਦਿਆਂ ਤੇ ਪੇਂਡੂ ਵਸਨੀਕਾਂ ਵੱਲੋਂ ਸ਼ਲਾਘਾ ਕੀਤੀ ਗਈ ਹੈ। ਪੰਜਾਬ ਦੇ ਮੁੱਖ ਸਕੱਤਰ ਸ੍ਰੀ ਐਸ. ਸੀ. ਅਗਰਵਾਲ ਅਤੇ ਡੇਅਰੀ ਵਿਕਾਸ ਵਿਭਾਗ, ਪੰਜਾਬ ਦੇ ਡਾਇਰੈਕਟਰ ਸ੍ਰੀ ਇੰਦਰਜੀਤ ਸਿੰਘ ਨੇ ਵੀ ਇਸ ਪੱਤ੍ਰਿਕਾ ਨੂੰ ਸਲਾਹਿਆ ਹੈ।

ਜਲ ਸਪਲਾਈ ਵਿਭਾਗ, ਪੰਜਾਬ ਸਰਕਾਰ ਦੀਆਂ ਨੀਤੀਆਂ ਅੱਗੇ ਵਧਾਉਂਦੇ ਹੋਏ 01/07/2010 ਤੋਂ ਬਾਅਦ ਉਸਾਰੀਆਂ ਜਾਣ ਵਾਲੀਆਂ ਸਾਰੀਆਂ ਜਲ ਸਪਲਾਈ ਸਕੀਮਾਂ ਵਿੱਚ ਲੋਕਾਂ ਦੀ ਭਾਗੀਦਾਰੀ ਅਤੇ ਸ਼ਮੂਲੀਅਤ ਲਾਜ਼ਮੀ ਬਣਾਈ ਜਾਏਗੀ ਅਤੇ ਇਹਨਾਂ ਸਕੀਮਾਂ ਦਾ ਵਿਕੇਂਦਰੀਕਰਨ ਕਰਕੇ ਇਹਨਾਂ ਦੀ ਪਲੈਨਿੰਗ, ਉਸਾਰੀ ਅਤੇ ਸਾਂਭ-ਸੰਭਾਲ ਪੇਂਡੂ ਵਸਨੀਕਾਂ ਵੱਲੋਂ ਆਪ ਹੀ ਕੀਤੀ ਜਾਵੇਗੀ, ਤਾਂ ਜੋ ਉਹਨਾਂ ਦੀਆਂ ਜ਼ਰੂਰਤਾਂ ਅਤੇ ਮੰਗਾਂ ਮੁਤਾਬਕ ਪਿੰਡ ਵਾਸੀਆਂ ਨੂੰ ਸ਼ੁੱਧ ਤੇ ਸਾਫ਼ ਜਲ ਸਪਲਾਈ ਯਕੀਨੀ ਬਣਾਈ ਜਾ ਸਕੇ। ਪਿੰਡ ਦੀਆਂ ਜਲ ਸਪਲਾਈ ਕਮੇਟੀਆਂ ਦਾ ਮਨੋਬਲ ਵਧਾਉਣ ਲਈ ਉਹਨਾਂ ਕਮੇਟੀਆਂ ਦੀ ਹਰ ਸਾਲ ਜ਼ਿਲ੍ਹੇ ਅਤੇ ਰਾਜ ਪੱਧਰ ਤੇ ਇਨਾਮਾਂ ਦੀ ਘੋਸ਼ਣਾ ਵੀ ਕੀਤੀ ਜਾ ਚੁੱਕੀ ਹੈ।

ਮੈਂ ਉਮੀਦ ਕਰਦਾ ਹਾਂ ਕਿ ਵਿਭਾਗ ਦੇ ਅਧਿਕਾਰੀ ਪੰਜਾਬ ਸਰਕਾਰ ਦੀ ਵਿਕੇਂਦਰੀਕਰਨ ਦੀ ਸੋਚ ਨੂੰ ਅੱਗੇ ਵਧਾਉਣ ਲਈ ਲੋਕਾਂ ਦੀ ਭਾਗੀਦਾਰੀ ਅਤੇ ਸ਼ਮੂਲੀਅਤ ਨੂੰ ਹਰ ਪੱਖੋਂ ਯਕੀਨੀ ਬਣਾਉਣਗੇ ਤਾਂ ਜੋ ਪਿੰਡ ਵਾਸੀ ਹਰ ਘਰ ਵਿੱਚ ਸ਼ੁੱਧ ਅਤੇ ਸਾਫ਼ ਪਾਣੀ ਦੀ ਵਰਤੋਂ ਕਰਕੇ ਖ਼ੁਸ਼ਹਾਲ ਜੀਵਨ ਜੀਅ ਸਕਣ।

**ਪੀ. ਐਸ. ਔਜਲਾ** (ਆਈ. ਏ. ਐਸ.)
ਸਕੱਤਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ

ਸੰਪਾਦਕੀ ਬੋਰਡ: ਇੰਜੀ. ਐਸ. ਕੇ. ਜੈਨ,
ਨਵਨੀਤ ਵਿਰਕ, ਪ੍ਰੀਆ ਓਝਾ

## ਪੇਂਡੂ ਜਲ ਸਪਲਾਈ ਕਮੇਟੀਆਂ ਰਾਜ ਪੱਧਰ 'ਤੇ ਸਨਮਾਨਤ

### • 3 ਨੂੰ ਰਾਜ ਪੱਧਰ ਅਤੇ 13 ਨੂੰ ਜ਼ਿਲ੍ਹਾ ਪੱਧਰ ਦੇ ਇਨਾਮ ਮਿਲੇ
### • 74 ਗਰਾਮ ਪੰਚਾਇਤਾਂ ਦਾ ਵੀ ਕੀਤਾ ਸਨਮਾਨ

ਆਨੰਦਪੁਰ ਸਾਹਿਬ- ਜਲ ਸਪਲਾਈ ਵਿਭਾਗ ਪੰਜਾਬ ਵੱਲੋਂ ਪੰਚਾਇਤਾਂ ਅਤੇ ਜਲ ਸਪਲਾਈ ਕਮੇਟੀਆਂ ਨੂੰ ਸਨਮਾਨਿਤ ਕਰਨ ਲਈ ਇਕ ਰਾਜ ਪੱਧਰੀ ਸਮਾਰੋਹ ਸ੍ਰੀ ਆਨੰਦਪੁਰ ਸਾਹਿਬ ਵਿਖੇ ਬੀਤੇ ਦਿਨ ਕੀਤਾ ਗਿਆ। ਚੁਣੀਆਂ ਗਈਆਂ ਕਮੇਟੀਆਂ ਨੂੰ ਪੰਜਾਬ ਦੇ ਉਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਵੱਲੋਂ ਇਨਾਮ ਵੰਡੇ ਗਏ। ਵਿਸ਼ਵ ਬੈਂਕ ਦੀ ਵਿੱਤੀ ਸਹਾਇਤਾ ਨਾਲ ਚਲਾਏ ਜਾ ਰਹੇ ਪੰਜਾਬ ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਪ੍ਰੋਜੈਕਟ ਅਧੀਨ ਪਿੰਡ ਪੱਧਰ ਤੇ ਜਲ ਸਪਲਾਈ ਸਕੀਮਾਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ 3 ਗ੍ਰਾਮ ਪੰਚਾਇਤ ਜਲ ਸਪਲਾਈ ਕਮੇਟੀਆਂ ਨੂੰ ਰਾਜ ਪੱਧਰੀ



ਅਨੰਦਪੁਰ ਸਾਹਿਬ ਵਿਖੇ ਹੋਏ ਸਮਾਗਮ ਦੌਰਾਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਇਨਾਮ ਵੰਡਦੇ ਹੋਏ।

ਪੁਰਸਕਾਰ ਅਤੇ 13 ਕਮੇਟੀਆਂ ਨੂੰ ਜ਼ਿਲ੍ਹਾ ਪੱਧਰੀ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ। ਭਾਰਤ ਸਰਕਾਰ ਵੱਲੋਂ ਨਿਰਮਲ ਗ੍ਰਾਮ ਪੁਰਸਕਾਰ 2009 ਲਈ ਚੁਣੀਆਂ ਗਈਆਂ ਪੰਜਾਬ ਦੀਆਂ 74 ਗ੍ਰਾਮ ਪੰਚਾਇਤਾਂ ਨੂੰ ਵੀ ਇਸ ਸਮਾਰੋਹ ਵਿੱਚ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਤਾ ਗੱਦੀ ਦਿਵਸ ਅਧੀਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਉਸਾਰੇ ਗਏ 80 ਲੱਖ ਲੀਟਰ ਜਲ ਸ਼ੁੱਧਤਾ ਦੀ ਸਮਰੱਥਾ ਦੇ (ਐੱਮ. ਬੀ. ਬੀ. ਆਰ. ਟੈਕਨਾਲੋਜੀ) ਸੀਵਰੇਜ ਟਰੀਟਮੈਂਟ ਪਲਾਂਟ ਅਤੇ ਜਲ ਸਪਲਾਈ ਸਕੀਮ ਵਿੱਚ ਵਾਧਾ (ਫੇਜ਼ -2) ਦਾ ਉਦਘਾਟਨ ਵੀ ਸ: ਸੁਖਬੀਰ ਸਿੰਘ ਬਾਦਲ ਵੱਲੋਂ ਬਾਬਾ ਅਜੀਤ ਸਿੰਘ, ਹਲਕਾ ਵਿਧਾਇਕ ਸ੍ਰੀ ਆਨੰਦਪੁਰ ਸਾਹਿਬ ਦੀ ਹਾਜ਼ਰੀ ਵਿੱਚ ਕੀਤਾ ਗਿਆ।

ਦਿੱਤੇ ਗਏ ਇਨਾਮਾਂ ਦਾ ਵੇਰਵਾ ਪੇਜ 3 'ਤੇ

## ਸਰਹਾਲੀ ਦੀ ਕਮੇਟੀ ਨੂੰ ਇੱਕ ਲੱਖ ਰੁਪਏ ਦਾ ਸਨਮਾਨ ਦਿੱਤਾ

ਜਲੰਧਰ- ਪਿੰਡ ਸਰਹਾਲੀ ਜਲੰਧਰ ਤੋਂ ਛਿਪਦੇ ਵਾਲੇ ਪਾਸੇ ਹੈ। ਇਸ ਪਿੰਡ ਦੀ ਗਰਾਮ ਪੰਚਾਇਤ ਜਲ ਸਪਲਾਈ ਕਮੇਟੀ ਨੂੰ ਚੰਗੀ ਕਾਰਗੁਜ਼ਾਰੀ ਬਦਲੇ ਰਾਜ ਪੱਧਰ ਦੇ ਸਮਾਗਮ ਵਿੱਚ ਇੱਕ ਲੱਖ ਰੁਪਏ ਨਾਲ ਸਮਾਨਤ ਕੀਤਾ ਗਿਆ।

ਕਮੇਟੀ ਦੇ ਚੇਅਰਮੈਨ ਅਤੇ ਪਿੰਡ ਦੇ ਸਰਪੰਚ ਸ਼ਿੰਦਰਪਾਲ ਸੁਮਨ ਦੀ ਦੇਖ ਰੇਖ ਹੇਠ ਪਿੰਡ ਦੀ ਜਲ ਸਪਲਾਈ ਯੋਜਨਾ ਬਹੁਤ ਵਧੀਆ ਢੰਗ ਨਾਲ ਚਲ ਰਹੀ ਹੈ। ਪਿੰਡ ਦੇ 537 ਘਰਾਂ ਵਿਚੋਂ 487 ਘਰਾਂ ਨੇ ਪਾਣੀ ਦੇ ਕੁਨੈਕਸ਼ਨ ਲਗਵਾ ਲਏ ਹਨ।

ਸਰਪੰਚ ਸ਼ਿੰਦਰਪਾਲ ਸੁਮਨ ਨੇ ਦੱਸਿਆ ਕਿ ਸਕੀਮ ਚਲਦੀ ਨੂੰ ਦੋ ਸਾਲ ਹੋ ਗਏ ਹਨ। ਪਿੰਡ ਦੇ ਸਾਬਕਾ ਸਰਪੰਚ ਸ: ਗੁਰਪਾਲ



ਸ਼ਿੰਦਰਪਾਲ ਸੁਮਨ, ਚੇਅਰਮੈਨ ਜੀ.ਪੀ.ਡਬਲਿਯੂ.ਐਸ.ਸੀ.



ਜਸਵਿੰਦਰ ਸਿੰਘ, ਸਕੱਤਰ ਜੀ.ਪੀ.ਡਬਲਿਯੂ.ਐਸ.ਸੀ.

ਸਿੰਘ ਸਮਰਾ ਅਤੇ ਸਾਬਕਾ ਮੁੱਖ ਅਧਿਆਪਕ ਸ੍ਰੀ ਮੂਲ ਚੰਦ ਦੀ ਹਿੰਮਤ ਅਤੇ ਕੋਸ਼ਿਸ਼ਾਂ ਸਦਕਾ ਇਸ ਸਕੀਮ ਦਾ ਮੁੱਢ ਬੰਨ੍ਹਿਆ ਗਿਆ ਸੀ। ਸਾਬਕਾ ਐਕਟਿੰਗ ਸਰਪੰਚ ਸ੍ਰੀਮਤੀ ਸੁਰਜੀਤ ਕੌਰ ਅਤੇ ਸਾਬਕਾ ਸਰਪੰਚ ਸ੍ਰੀਮਤੀ ਰਛਪਾਲ ਕੌਰ ਨੇ ਵੀ ਸਕੀਮ ਨੇਪਰੇ ਚਾੜ੍ਹਨ ਲਈ ਅਹਿਮ ਭੂਮਿਕਾ ਨਿਭਾਈ ਸੀ। ਇਹ ਸਾਰੇ ਪਤਵੰਤੇ ਹੁਣ ਵੀ, ਸਕੀਮ ਦੇ ਹਰ ਕੰਮ ਲਈ ਸਹਿਯੋਗ ਦਿੰਦੇ ਹਨ। ਕਮੇਟੀ ਦੇ ਸਕੱਤਰ ਜਸਵਿੰਦਰ ਸਿੰਘ ਵੀ ਪੂਰੀ ਲਗਨ ਨਾਲ ਕੰਮ ਕਰ ਰਹੇ ਹਨ। ਹੁਣ ਗਰਮੀ ਦੇ ਦਿਨਾਂ 'ਚ ਇੱਕ ਘੰਟਾ ਸਵੇਰੇ ਤੇ ਇੱਕ ਘੰਟਾ ਸ਼ਾਮੀਂ ਅਤੇ ਅੱਧਾ ਘੰਟਾ ਦੁਪਹਿਰ ਵੇਲੇ ਪਾਣੀ ਦੀ ਸਪਲਾਈ ਦਿੱਤੀ ਜਾ ਰਹੀ ਹੈ।

ਸਕੀਮ ਦਾ ਟਿਊਬਵੈੱਲ ਸਾਢੇ ਚਾਰ ਸੌ ਫੁੱਟ ਦੀ ਡੂੰਘਾਈ ਤੱਕ ਲਗਾਇਆ ਗਿਆ ਸੀ। ਇਸ ਦਾ ਪਾਣੀ ਸਾਫ਼-ਸੁਥਰਾ ਤੇ ਸ਼ੁੱਧ ਹੈ।

ਪਹਿਲਾਂ ਕਈ ਘਰਾਂ 'ਚ 200 ਫੁੱਟ ਡੂੰਘੇ ਸਬਮਰਸੀਬਲ ਪੰਪ ਲਗਾਏ ਜਾਂਦੇ ਸਨ, ਜਿਨ੍ਹਾਂ ਤੇ ਖ਼ਰਚਾ ਤਾਂ ਬਹੁਤ ਆਉਂਦਾ ਸੀ,

ਬਾਕੀ ਪੇਜ 3 'ਤੇ

# ਵਿਸ਼ਵ ਬੈਂਕ ਪ੍ਰੋਜੈਕਟ ਅਧੀਨ ਜਿਲ੍ਹਾ ਜਲੰਧਰ ਬੁਲੰਦੀਆਂ 'ਤੇ

**ਜਲੰਧਰ :** ਜਿਲ੍ਹਾ ਜਲੰਧਰ ਵਿੱਚ ਵਿਸ਼ਵ ਬੈਂਕ ਪ੍ਰਾਜੈਕਟ ਦੇ ਪਾਇਲਟ ਬੈਚ ਅਧੀਨ 7 ਪਿੰਡਾਂ ਰਾਏਪੁਰ, ਧਨੀ ਪਿੰਡ, ਸਹਾਲੀ, ਰਸੂਲਪੁਰ, ਲੱਧੜਾ, ਢੀਂਡਸਾ ਅਤੇ ਲਾਗੜੀਆਂ ਦਾ ਕੰਮ ਕੀਤਾ ਗਿਆ। ਇਨ੍ਹਾਂ ਸਾਰੇ ਪਿੰਡਾਂ ਦਾ ਜਲ ਸਪਲਾਈ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਪਿਛਲੇ ਡੇਢ ਸਾਲ ਤੋਂ ਲੋਕੀ ਸ਼ੁੱਧ ਪਾਣੀ ਪੀ ਰਹੇ ਹਨ। ਇਨ੍ਹਾਂ ਸਕੀਮਾਂ ਦੇ ਚੱਲਣ ਕਾਰਨ ਲੋਕਾਂ ਵਿੱਚ ਖ਼ੁਸ਼ੀ ਦਾ ਮਾਹੌਲ ਹੈ।



ਪਿੰਡ ਸਹਾਲੀ ਵਿੱਚ ਮੀਟਿੰਗ ਦਾ ਦ੍ਰਿਸ਼

ਵਿਸ਼ਵ ਬੈਂਕ ਪ੍ਰਾਜੈਕਟ ਬੈਚ 1 ਅਧੀਨ 23 ਪਿੰਡਾਂ ਦਾ ਕੰਮ ਕਰਨਾ ਸੀ, ਜਿਸ ਵਿੱਚੋਂ ਪਿੰਡ ਜੌਹਲ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ 22 ਪਿੰਡਾਂ ਦਾ ਤਖ਼ਮੀਨਾਂ ਪਾਸ ਹੋ ਗਿਆ ਹੈ, ਐੱਚ.ਆਰ.ਡੀ. ਅਤੇ ਆਈ.ਈ.ਸੀ. ਗਤੀਵਿਧੀਆਂ ਕਾਰਨ ਵਿਸ਼ਵ ਬੈਂਕ ਪ੍ਰਾਜੈਕਟ ਅਧੀਨ ਜਲੰਧਰ ਜਿਲ੍ਹੇ ਨੇ ਇਸ ਕੰਮ ਸੰਬੰਧੀ ਤਰੱਕੀ ਕੀਤੀ ਹੈ। ਇਨ੍ਹਾਂ ਪਿੰਡਾਂ ਵਿੱਚੋਂ ਸਹਾਲੀ ਅਤੇ ਜੌਹਲ ਪਿੰਡ ਨੂੰ ਰਾਜ ਪੱਧਰ ਤੇ ਪਹਿਲਾ ਅਤੇ ਤੀਜਾ ਇਨਾਮ ਹਾਸਲ ਹੋਇਆ ਹੈ। ਧਨੀ ਪਿੰਡ ਅਤੇ ਢੀਂਡਸਾ ਨੇ ਜਿਲ੍ਹਾ ਪੱਧਰ 'ਤੇ ਪਹਿਲਾ ਅਤੇ ਦੂਜਾ ਸਥਾਨ ਹਾਸਲ ਕੀਤਾ ਹੈ। ਇਹ ਚਾਰ ਪਿੰਡ ਜਲ ਸਪਲਾਈ ਸਕੀਮ ਨੂੰ ਵਧੀਆ ਢੰਗ ਨਾਲ ਚਲਾ ਰਹੇ ਹਨ ਅਤੇ ਲੋਕੀ ਵੀ ਪੂਰਾ ਸਹਿਯੋਗ ਦੇ ਰਹੇ ਹਨ। ਜਲੰਧਰ ਜਿਲ੍ਹੇ ਦੇ ਪਿੰਡਾਂ ਵਿੱਚ ਸਕੀਮ ਬਾਰੇ ਬਹੁਤ ਉਤਸ਼ਾਹ ਹੈ। ਜਿਨ੍ਹਾਂ ਪਿੰਡਾ ਵਿੱਚ ਸਕੀਮਾ ਲੱਗ ਚੁਕੀਆਂ ਹਨ ਉਨ੍ਹਾਂ ਪਿੰਡਾਂ ਵਿੱਚ ਖ਼ੁਸ਼ੀ ਦੀ ਲਹਿਰ ਹੈ।

## ਸਿੰਘਪੁਰਾ ਦੀ ਜਲ ਸਪਲਾਈ ਸਕੀਮ ਬੁਲੰਦੀਆਂ 'ਤੇ

ਮੋਹਾਲੀ-ਜਿਲ੍ਹਾ ਮੋਹਾਲੀ ਦੇ ਪਿੰਡ ਸਿੰਘਪੁਰਾ ਵਿਚ ਵਿਸ਼ਵ ਬੈਂਕ ਦੀ ਵਿੱਤੀ ਸਹਾਇਤਾ ਨਾਲ ਚਲਾਏ ਜਾ ਰਹੇ ਪੰਜਾਬ ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਪ੍ਰਾਜੈਕਟ ਅਧੀਨ ਨੰਬਵਰ 2009 ਵਿੱਚ ਸ਼ੁਰੂ ਕੀਤੀ ਗਈ ਨਿਰਮਲ ਜਲ ਸਕੀਮ ਬੁਲੰਦੀਆਂ ਨੂੰ ਛੂਹ ਰਹੀ ਹੈ। ਪਿੰਡ ਵਿੱਚ ਮੌਜੂਦਾ 159 ਘਰਾਂ ਦੇ 159 ਕੁਨੈਕਸ਼ਨਾਂ ਰਾਹੀਂ ਸ਼ੁੱਧ ਅਤੇ ਸਾਫ਼ ਪਾਣੀ ਦੀ ਸਪਲਾਈ ਪਿੰਡ ਦੀ ਕਮੇਟੀ ਵੱਲੋਂ ਦਿੱਤੀ ਜਾ ਰਹੀ ਹੈ।

ਸਿੰਘਪੁਰਾ ਦੀ ਕੁੱਲ ਆਬਾਦੀ 795 ਹੈ। ਪਾਣੀ ਦੀ ਕਿੱਲਤ ਤੋਂ ਜੂਝ ਰਹੇ ਲੋਕਾਂ ਵੱਲੋਂ ਵਿਸ਼ਵ ਬੈਂਕ ਦੀ ਨਿਰਮਲ ਜਲ ਸਕੀਮ ਅਧੀਨ ਜਲ ਸਪਲਾਈ ਨੂੰ ਦਰੁਸੱਤ ਕਰਨ ਲਈ ਅਗਸਤ 2008 ਵਿੱਚ ਪਿੰਡ ਦੇ ਵਸਨੀਕਾਂ ਵੱਲੋਂ ਉਪਰਾਲਾ ਕੀਤਾ ਗਿਆ। ਨਿਰਮਲ ਜਲ ਸਕੀਮ ਅਧੀਨ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ (ਜੀ. ਪੀ. ਡਬਲਿਊ. ਐਸ. ਸੀ.) ਦਾ ਗਠਨ ਕੀਤਾ ਗਿਆ। ਕਮੇਟੀ ਦੇ ਚੇਅਰਮੈਨ ਸ੍ਰ: ਜਗਨਾਹਰ ਸਿੰਘ ਦੀ ਅਗਵਾਈ ਅਤੇ ਸੂਝ-ਬੂਝ ਹੇਠ ਕਮੇਟੀ ਦੇ ਮੈਂਬਰਾਂ ਨੇ ਸਾਰੇ ਪਿੰਡ ਦੇ ਸਹਿਯੋਗ ਨਾਲ ਸਕੀਮ ਅਧੀਨ ਬਣਦੇ 1.95 ਲੱਖ ਦੇ ਲਾਭਪਾਤਰੀ ਹਿੱਸੇ ਦੀ ਜਗ੍ਹਾ ਕੇਵਲ ਇਕ ਮਹਿਨੇ ਅੰਦਰ ਕੁੱਲ 3.33 ਲੱਖ ਰੁਪਏ ਲਾਭਪਾਤਰੀ ਹਿੱਸੇ ਦੇ ਤੌਰ ਤੇ ਬੈਂਕ ਵਿੱਚ ਜਮ੍ਹਾਂ ਕਰਵਾ ਕੇ ਇੱਕ ਮਿਸਾਲ ਕਾਇਮ ਕੀਤੀ। ਲੋਕਾਂ ਨੇ ਵੱਧ ਚੜ੍ਹ ਕੇ ਇਸ ਸਕੀਮ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲਿਆ ਅਤੇ ਮੁੱਖ ਤੌਰ ਤੇ ਔਰਤਾਂ ਅਤੇ ਬੱਚਿਆਂ ਨੇ



ਸ਼ੁੱਧ ਪਾਣੀ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਮਹਿਕਮੇ ਵੱਲੋਂ ਪਿੰਡ ਵਿੱਚ ਰੈਲੀ, ਕੈਂਪ, ਪਾਣੀ ਜਾਂਚ ਮੁਹਿਮ ਅਤੇ ਵੱਖ-ਵੱਖ ਸਰਗਰਮੀਆਂ ਵਿੱਚ ਆਪਣਾ ਪੂਰਨ ਯੋਗਦਾਨ ਦਿੱਤਾ।

ਮਹਿਕਮੇ ਵੱਲੋਂ ਪਿੰਡ ਵਿੱਚ 32.63 ਲੱਖ ਦੀ ਲਾਗਤ ਨਾਲ ਨਿਰਮਲ ਜਲ ਸਕੀਮ ਲਗਾਈ ਗਈ ਜੋ ਕਿ ਨਬੰਵਰ 2009 ਵਿੱਚ ਸ਼ੁਰੂ ਕਰ ਦਿੱਤੀ ਗਈ। ਸਕੀਮ ਦੀ ਉਸਾਰੀ ਤੋਂ ਬਾਅਦ ਨਿੱਜੀ ਪਾਣੀ ਦੇ ਕੁਨੈਕਸ਼ਨਾਂ ਦੀ ਗਿਣਤੀ 114 ਤੋਂ 159 ਹੋ ਗਈ ਹੈ। ਹੁਣ ਜਲ ਸਪਲਾਈ ਕਮੇਟੀ ਦੇ ਮੈਂਬਰਾਂ ਵੱਲੋਂ ਪਿੰਡ ਵਿੱਚ ਇਸ ਗੱਲ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਜਿਸ ਖਪਤਕਾਰ ਵੱਲੋਂ ਪਾਣੀ ਦੀ ਦੁਰਵਰਤੋਂ ਕੀਤੀ ਜਾਵੇਗੀ, ਉਸ ਦਾ ਪਾਣੀ ਦਾ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ। ਕਮੇਟੀ ਮੈਂਬਰਾਂ ਵੱਲੋਂ ਪਿੰਡ ਵਾਸੀਆਂ ਨੂੰ ਇਹ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ ਕਿ ਜੇਕਰ ਪਾਣੀ ਦੀ ਵਰਤੋਂ ਸੰਜਮ ਨਾਲ ਕੀਤੀ

ਬਾਕੀ ਪੇਜ 4 'ਤੇ

## ਨਿਰਮਲ ਜਲ ਸਪਲਾਈ ਸਕੀਮ ਕਾਰਨ ਪਿੰਡ ਮਲਸੀਆਂ ਭਾਈਕੇ ਵਿੱਚ ਖ਼ੁਸ਼ੀ ਦੀ ਲਹਿਰ

ਲੁਧਿਆਣਾ - ਪਿੰਡ ਮਲਸੀਆਂ ਭਾਈਕੇ, ਜਿਲਾ ਲੁਧਿਆਣਾ ਵਿੱਚ 135 ਘਰ ਹਨ, ਜਿਨ੍ਹਾਂ ਵਿੱਚੋਂ 85 ਘਰ ਅਨੁਸੂਚਿਤ ਜਾਤੀ ਦੇ ਹਨ। 3 ਸਾਲ ਪਹਿਲਾਂ ਇਸ ਪਿੰਡ ਵਿੱਚ ਸ਼ੁੱਧ ਪੀਣ ਵਾਲੇ ਪਾਣੀ ਦਾ ਕੋਈ ਸਾਧਨ ਨਹੀਂ ਸੀ। ਪਿੰਡ ਵਾਸੀ ਘੱਟ ਡੂੰਘਾਈ ਵਾਲੇ ਪੰਪਾਂ ਦਾ ਦੂਸ਼ਿਤ ਪਾਣੀ ਪੀਣ ਲਈ ਮਜਬੂਰ ਸਨ। ਲੋਕੀ ਕਈ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਸਨ। ਇਸ ਪਿੰਡ ਵਿੱਚ ਲੋਕਾਂ ਨੂੰ ਫਲੋਰੋਸਿਸ ਅਤੇ ਜੋੜਾਂ ਦੇ ਦਰਦ ਦੀ ਸ਼ਿਕਾਇਤ ਆਮ ਸੀ। ਉਹਨਾਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਇਹ ਬਿਮਾਰੀਆਂ ਪੀਣ ਵਾਲੇ ਪਾਣੀ ਕਾਰਨ ਹੋ ਰਹੀਆਂ ਹਨ। 2 ਸਾਲ ਪਹਿਲਾਂ ਪਿੰਡ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਪਾਣੀ ਜਾਂਚ ਦੇ ਕੈਂਪ ਲਗਾਏ ਅਤੇ ਲੋਕਾਂ ਨੂੰ ਜਾਣੂ ਕਰਵਾਇਆ ਕਿ ਉਹਨਾਂ ਦੇ ਪਿੰਡ ਦਾ ਪੀਣ ਵਾਲਾ ਪਾਣੀ ਮਾੜਾ ਹੈ। ਸ੍ਰੀ ਸਤਵੰਤ ਸਿੰਘ (ਮੌਜੂਦਾ ਚੇਅਰਮੈਨ ਜੀ.ਪੀ.ਡਬਲਯੂ.ਐਸ.ਸੀ.) ਨੇ ਜਾਣਕਾਰੀ ਦਿੱਤੀ ਕਿ ਜਦੋਂ ਪਿੰਡ ਵਾਸੀਆਂ ਨੂੰ ਇਹ ਪਤਾ ਲਗਾ ਕਿ ਪੀਣ ਵਾਲਾ ਪਾਣੀ ਬਹੁਤ ਮਾੜਾ ਹੈ ਤਾਂ ਉਹ ਸ਼ੁੱਧ ਪਾਣੀ ਪ੍ਰਤੀ ਸੋਚਣ ਲੱਗੇ। ਮਹਿਕਮੇ ਦੇ ਕਾਰਜਕਾਰੀ ਇੰਜੀਨੀਅਰ ਸ੍ਰੀ ਮੁਹੰਮਦ ਇਸਫਾਕ ਅਤੇ ਸ੍ਰੀ ਮੁਨਸ਼ੀ ਰਾਮ ਨੇ ਲੋਕਾਂ ਨੂੰ ਜਲ ਸਪਲਾਈ ਸਕੀਮ ਬਾਰੇ ਪ੍ਰੇਰਿਤ ਕੀਤਾ। ਜਿਸ ਕਾਰਨ ਪਿੰਡ ਦੇ ਲੋਕਾਂ ਨੇਂ 1 ਲੱਖ 28 ਹਜਾਰ ਰੁਪਏ ਦਾ ਹਿੱਸਾ ਸਕੀਮ ਲਈ ਦਿੱਤਾ। ਸਕੀਮ ਲਈ ਲਾਗਤ ਖਰਚਾ 31 ਲੱਖ 33 ਹਜਾਰ ਰੁਪਏ ਸੀ। ਇਸ ਸਕੀਮ ਰਾਹੀਂ ਪਿਛਲੇ 10 ਮਹੀਨਿਆਂ ਤੋਂ ਸ਼ੁੱਧ ਜਲ ਸਪਲਾਈ ਹੋ ਰਹੀ ਹੈ। 115 ਘਰਾਂ ਨੇ ਪਾਣੀ ਦੇ ਕੁਨੈਕਸ਼ਨ ਲਏ ਹੋਏ ਹਨ, ਜਿਨ੍ਹਾਂ ਵਿੱਚ 64 ਪ੍ਰਤੀਸ਼ਤ ਘਰ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਹਨ, ਜੋ ਆਪਣੇ ਬਿੱਲਾਂ ਦਾ ਭੁਗਤਾਨ ਸਹੀ ਸਮੇਂ ਕਰਦੇ ਹਨ। ਕਮੇਟੀ ਦੇ ਸੱਕਤਰ ਸ੍ਰੀ ਜਗੀਰ ਸਿੰਘ ਨੇ ਦੱਸਿਆ ਕਿ ਕਮੇਟੀ ਦੇ ਖਾਤੇ ਵਿੱਚ ਹੁਣ 34 ਹਜਾਰ ਰੁਪਏ ਜਮ੍ਹਾਂ ਹਨ ਅਤੇ ਕਮੇਟੀ ਦੀ ਸਾਂਭ ਸੰਭਾਲ ਅਤੇ ਮੁਰੰਮਤ ਦਾ ਕੰਮ ਜਮ੍ਹਾਂ ਰਾਸ਼ੀ ਵਿੱਚੋਂ ਕਰਵਾਇਆ ਜਾਂਦਾ ਹੈ। ਲੋਕਾਂ ਨੂੰ ਰੋਜ਼ਾਨਾ ਦਿਨ ਵਿੱਚ ਤਿੰਨ ਵਾਰ ਤਿੰਨ ਘੰਟੇ ਪਾਣੀ ਸਪਲਾਈ ਕੀਤਾ ਜਾਂਦਾ ਹੈ। ਜਿਸ ਕਾਰਨ ਲੋਕਾਂ ਨੂੰ ਆਪਣੇ ਸਬਮਰਸੀਬਲ ਪੰਪ ਲਗਵਾਉਣ ਅਤੇ ਚਲਾਉਣ ਦੀ ਲੋੜ ਨਹੀਂ ਪੈਂਦੀ।



ਪਾਣੀ ਦੀ ਕੁਆਲਟੀ ਜਾਂਚ ਕਰਨ ਵਾਲੀ ਫੀਲਡ ਟੈਸਟ ਕਿੱਟ ਨਾਲ ਪਾਣੀ ਦੀ ਜਾਂਚ ਕਰ ਰਹੇ ਹਨ ਚੇਅਰਮੈਨ ਸ੍ਰੀ ਸਤਵੰਤ ਸਿੰਘ

# ਪਾਣੀ ਅਰਜ਼ ਕਰੇ

- ਪ੍ਰੋ: ਹਮਦਰਦਵੀਰ ਨੌਸ਼ਹਿਰਵੀ-



ਪਾਣੀਆਂ ਨਾਲ ਮੇਰੀ ਦੋਸਤੀ ਯੁੱਗਾਂ ਪੁਰਾਣੀ ਹੈ। ਜਦੋਂ ਮੈਂ ਹੋਸ਼ ਸੰਭਾਲੀ, ਆਪਣੇ ਘਰ ਦੇ ਦਰਾਂ ਸਾਹਮਣੇ ਪਾਣੀ ਦੀਆਂ ਲਹਿਰਾਂ ਦੇਖੀਆਂ। ਗਰਮੀਆਂ ਨੂੰ ਛੱਤ ਉੱਤੇ ਸੌਂਦੇ ਸਾਂ। ਅੱਧੀ ਰਾਤ ਨੂੰ ਜਦੋਂ ਕਦੀ ਅੱਖ ਖੁੱਲਦੀ, ਚਾਰੇ ਪਾਸੇ ਚਾਂਦਨੀ ਦੀ ਮੁਸਕਾਨ ਖਿਲਰੀ ਹੁੰਦੀ। ਸਾਹਮਣੇ ਨਿੱਕੀ-ਨਿੱਕੀ ਹਵਾ ਵਿਚ ਪਾਣੀ ਦੀਆਂ ਲਹਿਰਾਂ ਹਿਲਦੀਆਂ, ਲਹਿਰਾਂ ਦੇ ਸਾਹਮਣੇ ਵਾਲੇ ਪਾਸੇ, ਚਾਂਦਨੀ ਖਿੜੀ ਹੁੰਦੀ, ਜਿਵੇਂ ਗੋਰੀ ਮੁਟਿਆਰ ਦੇ ਚਿਹਰੇ ਦਾ ਇਕ ਪਾਸਾ ਲਿਸ਼ਕਦਾ ਹੋਵੇ। ਚਿਹਰੇ ਦੇ ਅੱਧੇ ਹਿੱਸੇ ਉੱਤੇ ਕਾਲੀ ਬਦਲੀ ਵਰਗੀ ਚੁੰਨੀ ਖਿਸਕੀ ਹੋਵੇ। ਨਿੱਤ ਸਵੇਰੇ ਉੱਠਦਿਆਂ ਪਾਣੀ ਦੀਆਂ ਲਹਿਰਾਂ ਮੈਨੂੰ ਨਮਸਕਾਰ ਕਰਦੀਆਂ। ਪੁਰਾਣੇ ਸਮਿਆਂ ਵਿੱਚ ਵਾਤਾਵਰਨ ਦੀ ਤਪਸ਼ ਹਾਲੇ ਏਨੀ ਵਧੀ ਨਹੀਂ ਸੀ। ਮੇਘਲੇ ਬਰਸਦੇ ਸਨ। ਸਾਵਣ ਦੀਆਂ ਝੜੀਆਂ ਲੱਗਦੀਆਂ ਸਨ। ਡੂੰਘੇ ਪਹਿਆਂ ਵਿਚੋਂ ਦੀ, ਨਹਿਰ ਵਾਂਗ ਵਗਦਾ ਪਾਣੀ, ਪਿੰਡ ਦੇ ਛੱਪੜ ਵਿਚ ਆ ਅਭੇਦ ਹੁੰਦਾ ਸੀ। ਛੱਪੜ ਤਾਜ਼ਾਦਮ ਹੋ ਕੇ ਮਹਿਕਦਾ ਸੀ। ਪਾਣੀ ਮੇਰੇ ਘਰ ਦੇ ਦਰਾਂ ਨੂੰ ਆ ਲਗਦਾ ਸੀ। ਦਰਾਂ ਨੂੰ ਚੁੰਮ ਕੇ ਪਾਣੀ ਮੁੜ ਜਾਂਦਾ ਸੀ। ਵਾਧੂ ਪਾਣੀ ਚੌਧਰੀਵਾਲਾ ਪਾਸੇ ਦੇ ਛੱਪੜ ਵਿਚ ਪ੍ਰਵੇਸ਼ ਕਰ ਜਾਂਦਾ ਸੀ। ਪਾਣੀਆਂ ਦਾ ਸੁਨੇਹਾ ਪੱਲੇ ਬੱਧੀ ਮੈਂ ਪਰਦੇਸ ਚਲਾ ਗਿਆ। ਧੁਰ ਦੱਖਣ, ਮਦਰਾਸ, ਹਿੰਦ ਸਾਗਰ ਦੇ ਕਿਨਾਰੇ। ਛੁੱਟੀ ਵਾਲੇ ਦਿਨ ਮੈਂ ਅਕਸਰ ਮੈਰੀਨਾ ਬੀਚ ਜਾ ਬੈਠਦਾ। ਵਿਸ਼ਾਲ ਲਹਿਰਾਂ ਵੇਖਦਾ। ਇਨ੍ਹਾਂ ਲਹਿਰਾਂ ਦੀ ਕੋਈ ਸੀਮਾਂ ਨਹੀਂ ਸੀ। ਇਨ੍ਹਾਂ ਲਹਿਰਾਂ ਦਾ ਦੂਸਰਾ ਕਿਨਾਰਾ ਉਫਕ ਦੀਆਂ ਖੁੱਲ੍ਹੀਆਂ ਹਵਾਵਾਂ ਦੇ ਅੰਗ-ਸੰਗ ਸੀ। ਤਿੰਨ ਸਾਲ ਆਗਰਾ ਰਿਹਾ। ਜਦੋਂ ਮੈਨੂੰ ਵਧੇਰੇ ਤੇਹ ਲਗਦੀ, ਤਪਸ਼ ਮਹਿਸੂਸ ਹੁੰਦੀ, ਮੈਂ ਜਮਨਾ ਕਿਨਾਰੇ ਜਾ ਬੈਠਦਾ। ਤਾਜ ਦਾ ਪਰਛਾਵਾਂ ਜਮਨਾ ਵਿਚ ਡਿੱਗਦਾ। ਜਮਨਾ ਦੇ ਪਾਣੀ ਤਾਜ ਦੀ ਹੋਂਦ ਨੂੰ ਦੂਰ ਦੁਰਾਡੇ ਲੈ ਜਾਂਦੇ ਸਨ। ਸ੍ਰੀਨਗਰ ਦੀ ਡੱਲ ਝੀਲ ਦੇ ਪਾਣੀ ਕਿਧਰੇ ਨਹੀਂ ਸਨ ਜਾਂਦੇ ਪਰ ਮੇਰੇ ਸ਼ਿਕਾਰੇ ਨੂੰ ਮਹਿਕਦੇ ਬਾਗਾਂ ਤਕ ਲੈ ਜਾਂਦੇ ਸਨ ਤੇ ਮੈਂ ਆਪਣੇ ਪਿੰਡ ਆਪਣੇ ਘਰ ਦੇ ਸਾਹਮਣੇ, ਛੱਪੜ ਨੂੰ ਮਿਲਣ ਚਲਾ ਜਾਂਦਾ। ਨਿੱਕਾ ਹੁੰਦਾ ਘਰ ਦੀਆਂ ਪੌੜੀਆਂ ਚੜ੍ਹਦਾ। ਅੱਧ ਵਿਚ ਖਲੋ ਜਾਂਦਾ। ਪੌੜੀਆਂ ਦੀ ਕੰਧ ਉਤੇ ਅਰਕਾਂ ਰੱਖ ਕੇ, ਸਾਹਮਣੇ ਛੱਪੜ ਦੀਆਂ ਲਹਿਰਾਂ ਵੱਲ ਵੇਖਦਾ। ਲਹਿਰਾਂ ਨਾਲ ਗੱਲਾਂ ਕਰਦਾ। ਲਹਿਰਾਂ ਉੱਠਦੀਆਂ, ਬੈਠਦੀਆਂ ਮੈਂ ਲਹਿਰਾਂ ਨੂੰ ਸੰਬੋਧਨ ਕਰਦਾ। ਬਚਪਨ ਤੋਂ ਹੀ ਮੇਰੀ ਇੱਛਾ ਸੀ ਕਿ ਮੈਂ ਬੋਲਣਾ ਸਿੱਖਾਂ। ਲੋਕਾਂ ਸਾਹਮਣੇ ਬੋਲਾਂ। ਹਰੀਕੇ ਪੱਤਣ, ਸਤਲੁੱਜ ਬਿਆਸ ਦੇ ਸੰਗਮ ਤੋਂ ਥੋੜ੍ਹਾ ਪਿੱਛੇ, ਪਿੰਡ ਘੜਕੇ ਲਾਗੇ, ਢਾਹੇ ਉਤੇ ਖਲੋ ਕੇ, ਬਿਆਸ ਦੀਆਂ ਲਹਿਰਾਂ ਪਾਸ ਅਰਜ਼ੋਈ ਕਰਦਾ ਸਾਂ। ਲਹਿਰੋ, ਮੈਨੂੰ ਬੋਲਣਾ ਸਿਖਾਉ। ਮੈਂ ਬੋਲਣ ਲੱਗਾ ਤਾਂ ਚਾਲੀ ਸਾਲ ਬੋਲਦਾ ਹੀ ਰਿਹਾ। ਵਿਦਿਆਰਥੀ ਸੁਣਦੇ ਰਹੇ। ਲਹਿਰਾਂ ਵਾਂਗ ਹੀ ਅੱਗੇ ਵਧਦੇ ਗਏ।

> ਨਿੱਕੀ-ਨਿੱਕੀ ਹਵਾ ਵਿਚ ਪਾਣੀ ਦੀਆਂ ਲਹਿਰਾਂ ਹਿਲਦੀਆਂ, ਲਹਿਰਾਂ ਦੇ ਸਾਹਮਣੇ ਵਾਲੇ ਪਾਸੇ, ਚਾਂਦਨੀ ਖਿੜੀ ਹੁੰਦੀ, ਜਿਵੇਂ ਗੋਰੀ ਮੁਟਿਆਰ ਦੇ ਚਿਹਰੇ ਦਾ ਇਕ ਪਾਸਾ ਲਿਸ਼ਕਦਾ...

ਧਰਤੀ ਹੇਠਲੇ ਪਾਣੀ ਜ਼ਹਿਰੀਲੇ ਹੋ ਗਏ ਹਨ। ਨਾ ਇਨ੍ਹਾਂ ਪਾਣੀਆਂ ਦੇ ਮਹਿਕਦੇ ਬਹੁਰੰਗ ਰਹੇ ਤੇ ਨਾ ਹੀ ਬਹੁਰਸ। ਐਕਸਪ੍ਰੈਸਵੇਜ਼ ਬਣ ਰਹੇ ਹਨ। ਸੜਕਾਂ ਕਿਨਾਰੇ ਖੜ੍ਹੇ ਸਾਡੇ ਮਿੱਤਰ ਰੁੱਖ ਆਰਿਆਂ ਹੇਠਾਂ ਆ ਕੇ ਪੁਰਜ਼ਾ-ਪੁਰਜ਼ਾ ਕੱਟੇ ਜਾ ਰਹੇ ਹਨ। ਡੰਡੀਆਂ ਭੀੜੀਆਂ ਹੋ ਗਈਆਂ ਹਨ। ਰੁੱਖਾਂ ਲਈ ਥਾਂ ਬਚੀ ਹੀ ਨਹੀਂ। ਜੰਡ, ਬੋਹੜ, ਪਿੱਪਲ ਹੁਣ ਨਹੀਂ ਰਹੇ। ਇਹ ਘਣੇ ਬਿਰਖ ਥਾਂ ਬਹੁਤ ਘੇਰਦੇ ਸਨ। ਘਰਾਂ ਵਿਚ ਗਮਲਿਆਂ ਵਿਚਲੇ ਬੌਣੇ ਰੁੱਖ ਤਾਂ ਹਨ, ਪਰ ਵਿਹੜੇ ਵਿਚ ਸਰੂ ਜੋਗੀ ਭੋਰਾ ਥਾਂ ਵੀ ਨਹੀਂ ਬਚੀ। ਨਾ ਝੀਲਾਂ ਰਹੀਆਂ ਹਨ, ਨਾ ਝਿੜੀਆਂ, ਨਾ ਹੀ ਰੁੱਖਾਂ ਦੇ ਝੁੰਡ, ਨਾ ਚਰਾਂਦਾ ਰਹੀਆਂ, ਨਾ ਝੱਲੀਆਂ।

ਮੇਰਾ ਬਚਪਨ ਪਾਣੀ ਦੇ ਨੇੜੇ-ਤੇੜੇ ਗੁਜ਼ਰਿਆ। ਜਵਾਨੀ ਪਤਾ ਨਹੀਂ ਕਦੋਂ ਆਈ ਤੇ ਕਦੋਂ ਗਈ, ਪਰ ਬੀਤੀ ਉਹ ਵੀ ਪਾਣੀ ਦੇ ਨਾਲ-ਨਾਲ ਬੁਢੇਪੇ ਸਮੇਂ ਮੈਂ ਸੋਚਿਆ ਇਕ ਆਸ਼ਿਆਨਾ ਬਣਾਵਾਂ ਉਹ ਹੋਵੇ ਪਾਣੀ ਕੰਢੇ। ਮੈਂ ਸੂਏ ਕਿਨਾਰੇ ਉਤੇ ਆਪਣਾ ਮਕਾਨ ਬਣਾਇਆ। ਪਾਈ ਪਾਈ, ਪੂਣੀ ਪੂਣੀ ਜੋੜ ਕੇ , ਹੌਲੀ-ਹੌਲੀ ਬਣਿਆ-ਕਵਿਤਾ ਭਵਨ। ਨਾਮ ਵੱਡਾ, ਦਰਸ਼ਨ ਛੋਟੇ। ਸੋਚਿਆ ਸੀ ਦਰਾਂ ਸਾਹਮਣੇ ਸੂਆ ਹੈ, ਪਾਣੀ ਉਤੇ ਲਹਿਰਾਂ ਤੁਰਦੀਆਂ ਰਹਿਣਗੀਆਂ। ਮੇਰੀ ਬਾਤ ਖੇਤਾਂ ਤਕ ਪਹੁੰਚੇਗੀ। ਸੂਏ ਦਾ ਪਾਣੀ ਮੇਰਾ ਅਕਸ ਲੈ ਕੇ ਸ਼ਾਇਦ ਸਾਗਰ ਤਕ ਪਹੁੰਚ ਜਾਵੇ। ਪਰ ਸੂਆ ਹੌਲੀ-ਹੌਲੀ ਸੁੱਕ ਹੀ ਗਿਆ। ਵਰ੍ਹੇ ਛਿਮਾਹੀ ਬਾਅਦ ਹੀ ਕਦੇ ਪਾਣੀ ਆਉਂਦਾ ਹੈ।

ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ

## ਨਿਰਮਲ ਜਲ ਪਤ੍ਰਿਕਾ ਦੇ ਪਾਠਕਾਂ ਵਲੋਂ




ਵੀਨਾ ਦੇਵੀ, ਚੇਅਰਮੈਨ, ਜੀ.ਪੀ.ਡਬਲਿਯੂ.ਐਸ.ਸੀ. ਪਿੰਡ ਸੈਮੀ, ਜਿਲ੍ਹਾ ਜਲੰਧਰ

ਨਿਰਮਲ ਜਲ ਪਤ੍ਰਿਕਾ ਦੇ ਪੜਨ ਤੋਂ ਬਾਅਦ ਇਸ ਪ੍ਰਾਜੈਕਟ ਬਾਰੇ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਹੋਈ। ਇਸ ਪ੍ਰਾਜੈਕਟ ਅਧੀਨ ਪੰਜਾਬ ਰਾਜ ਦੇ ਵੱਖ ਵੱਖ ਜਿਲ੍ਹਿਆਂ ਵਿਚ ਜੋ ਸਕੀਮਾਂ ਬਹੁਤ ਸਫਲ ਤਰੀਕੇ ਨਾਲ ਚਲ ਰਹੀਆਂ ਹਨ ਉਹਨਾ ਬਾਰੇ ਵੀ ਜਾਗਰੂਕਤਾ ਪ੍ਰਾਪਤ ਹੋਈ। ਇਹ ਵਧੀਆ ਉਪਰਾਲਾ ਹੈ ਜਿਸ ਤੋਂ ਪੀ.ਆਰ.ਡਬਲਿਯੂ.ਐਸ.ਐਸ ਪ੍ਰੋਜੈਕਟ ਬਾਰੇ ਜਾਗਰੂਕਤਾ ਆਵੇਗੀ।



ਰਾਜ ਕੁਮਾਰ ਸ਼ਰਮਾ, ਪੰਚ ਨਸੀਬਪੁਰਾ (ਕੋਲੋਂ ਬਾਦਰ), ਸੱਕਤਰ, ਗ੍ਰਾਮ ਪੰਚਾਇਤ, ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ

ਨਿਰਮਲ ਜਲ ਪੱਤ੍ਰਿਕਾ ਪੜ੍ਹਕੇ, ਸਰਕਾਰ ਵੱਲੋਂ ਚਲਾਈ ਜਾਂ ਰਹੀ ਜਲ ਯੋਜਨਾ ਦੀ ਭਰਪੂਰ ਜਾਣਕਾਰੀ ਮਿਲੀ ਜੋ ਕਿ ਪ੍ਰਸ਼ੰਸਾਯੋਗ ਹੈ। ਜਮੀਨੀ ਪਾਣੀ ਦੀਆਂ ਖਰਾਬੀਆਂ ਤੋਂ ਕੀ ਭਾਵ ਹੈ? ਕਿਹੜੀਆਂ ਕਿਹੜੀਆਂ ਖ਼ਰਾਬੀਆਂ ਹਨ? ਉਨ੍ਹਾਂ ਖ਼ਰਾਬੀਆਂ ਦੇ ਕਿਹੜੇ ਕਾਰਨ ਹਨ ਅਤੇ ਇਨ੍ਹਾਂ ਖਰਾਬੀਆਂ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ । ਇਸ ਬਾਰੇ ਕਿਸੇ ਮਾਹਿਰ ਵਿਅਕਤੀ ਦਾ ਆਰਟੀਕਲ ਜ਼ਰੂਰ ਛਾਪਣਾ ਚਾਹੀਦਾ ਹੈ ।

ਪੇਜ 1 ਦੀ ਬਾਕੀ -

## ਦਿੱਤੇ ਗਏ ਇਨਾਮਾਂ ਦਾ ਵੇਰਵਾ

ਆਨੰਦਪੁਰ ਸਾਹਿਬ ਵਿਖੇ ਹੋਏ ਰਾਜ ਪੱਧਰ ਦੇ ਸਮਾਗਮ ਵਿੱਚ ਜਿਲਾ ਜਲੰਧਰ ਦੇ ਪਿੰਡ ਸਰਹਾਲੀ ਦੀ ਕਮੇਟੀ ਨੂੰ ਇੱਕ ਲੱਖ ਰੁਪਏ, ਨਵਾਂ ਸਹਿਰ ਦੇ ਪਿੰਡ ਰਤਿੰਡਾ ਨੂੰ 75,000 ਰੁਪਏ ਅਤੇ ਜਲੰਧਰ ਦੇ ਪਿੰਡ ਜੌਹਲ ਨੂੰ 50,000 ਰੁਪਏ ਦੇ ਰਾਜ ਪੱਧਰੀ ਇਨਾਮ ਦਿੱਤੇ ਗਏ। ਜਿਲਾ ਪੱਧਰ 'ਤੇ ਵਿਰਕ ਖੁਰਦ, ਲਹਿਰਾ ਰੋਹੀ, ਦਾਬੁਰਜੀ, ਧਨੀ ਪਿੰਡ, ਭੁੱਲਾ ਰਾਏ ਅਤੇ ਬਖਲੌਰ ਪਿੰਡ ਨੂੰ ਪਹਿਲੇ। ਫੱਤਾ ਬਾਲੂ, ਤਨੌਲੀ, ਢੀਂਡਸਾ, ਜਗਤਪੁਰ ਜੱਟਾਂ, ਦੋਦੜਾ, ਮਹਿਲੀਆਣਾ, ਵਿਗੜਵਾਲ ਨੂੰ ਦੂਜੇ ਪੱਧਰ ਦੇ ਇਨਾਮ ਦਿੱਤੇ ਗਏ। ਜ਼ਿਲ੍ਹਾ ਪੱਧਰ ਤੇ ਪਹਿਲੇ ਸਥਾਨ ਤੇ ਆਉਣ ਵਾਲੀ ਕਮੇਟੀ ਨੂੰ 30,000 ਹਜਾਰ ਅਤੇ ਦੂਜੇ ਸਥਾਨ ਵਾਲੀ ਕਮੇਟੀ ਨੂੰ 20,000 ਹਜਾਰ ਰੁਪਏ ਦਿੱਤੇ ਗਏ।

ਪੇਜ 1 ਦੀ ਬਾਕੀ -

## ਸਰਹਾਲੀ ਦੀ ਕਮੇਟੀ ਨੂੰ ਇੱਕ ਲੱਖ ਰੁਪਏ ਦਾ ਸਨਮਾਨ ਦਿੱਤਾ

ਪਰ ਪਾਣੀ ਮਾੜਾ ਸੀ। ਜਲ ਸਪਲਾਈ ਤੋਂ ਪ੍ਰਤੀ ਕੁਨੈਕਸ਼ਨ 70 ਰੁਪਏ ਪ੍ਰਤੀ ਮਹੀਨਾ ਬਿਲ ਆਉਂਦਾ ਹੈ। ਸਕੀਮ ਸਮੁੱਚੀ ਕਾਰਗੁਜ਼ਾਰੀ ਵਧੀਆ ਹੈ। ਜਿਸ ਕਾਰਨ ਸਰਕਾਰ ਨੇ ਰਾਜ ਪੱਧਰ 'ਤੇ ਸਨਮਾਨਤ ਕੀਤਾ ਹੈ। ਚੰਗੀ ਕਾਰਗੁਜ਼ਾਰੀ ਕਾਰਨ ਗੁਆਂਢੀ ਪਿੰਡ ਧਨੀ, ਨੱਥੇਵਾਲ, ਦਾਦੂਵਾਲ ਦੀਆਂ ਜਲ ਸਪਲਾਈ ਕਮੇਟੀਆਂ ਦੇ ਮੈਂਬਰ ਪਿੰਡ ਸਰਹਾਲੀ ਦੀ ਸਕੀਮ ਨੂੰ ਦੇਖਣ ਗਏ ਸਨ। ਜਲ ਸਪਲਾਈ ਵਿਭਾਗ ਦੇ ਸਕੱਤਰ ਸ੍ਰੀ ਪੀ. ਐਸ. ਔਜਲਾ ਸਮੇਤ ਕਈ ਅਧਿਕਾਰੀ ਵੀ ਉਕਤ ਸਕੀਮ ਅਧੀਨ ਸਰਹਾਲੀ ਦਾ ਦੌਰਾ ਕਰ ਚੁਕੇ ਹਨ।

ਮਾੜਾ ਪਾਣੀ ਮੌਤ ਨੂੰ ਸੱਦਾ, ਨਿਰਮਲ ਜਲ ਖੁਸ਼ੀਆਂ ਬੱਧਾ

# ਪਿੰਡ ਵਿਰਕ ਖ਼ੁਰਦ ਦੀ ਨਿਰਮਲ ਜਲ ਸਪਲਾਈ ਸਕੀਮ ਦੀ ਸਫਲਤਾ ਦੀ ਕਹਾਣੀ

ਵਿਰਕ ਖ਼ੁਰਦ ਬਠਿੰਡਾ ਤੋਂ 23 ਕਿਲੋਮੀਟਰ ਦੂਰੀ 'ਤੇ ਮਲੋਟ ਰੋਡ 'ਤੇ ਸਥਿਤ ਹੈ। ਇਸ ਪਿੰਡ ਵਿਚ ਕੁੱਲ 340 ਘਰ ਹਨ ਅਤੇ ਕੁੱਲ ਆਬਾਦੀ 2010 ਹੈ। ਸਾਲ 2006-2007 ਵਿਚ ਪਿੰਡ ਦੀ ਪੰਚਾਇਤ ਵੱਲੋਂ ਵਿਸ਼ਵ ਬੈਂਕ ਦੀ ਪਾਇਲਟ ਬੈਚ ਅਧੀਨ ਬਣਨ ਵਾਲੀ ਜਲ ਸਪਲਾਈ ਸਕੀਮ ਲਗਾਉਣ ਲਈ ਹੁੰਗਾਰਾ ਦਿੱਤਾ ਅਤੇ ਇਕ ਮਤਾ ਪਾਸ ਕਰਕੇ ਵਿਭਾਗ ਨੂੰ ਦਿੱਤਾ ਗਿਆ ਅਤੇ ਆਪਣਾ ਬਣਦਾ ਲਾਭਪਾਤਰੀ ਹਿੱਸਾ ਇਕੱਠਾ ਕੀਤਾ ਗਿਆ । ਸਕੀਮ ਦੀ ਕੁੱਲ ਲਾਗਤ 47.86 ਲੱਖ ਰੁਪਏ ਹੈ, ਜਿਸ ਦਾ ਲਾਭਪਾਤਰੀ ਹਿੱਸਾ 2.37 ਲੱਖ ਰੁਪਏ ਬਣਦਾ ਸੀ, ਜੋ ਕਿ ਪਿੰਡ ਵੱਲੋਂ ਜਮ੍ਹਾਂ ਕਰਵਾਇਆ ਗਿਆ । ਇਹ ਸਕੀਮ ਦਸੰਬਰ 2008 ਵਿੱਚ ਚੱਲ ਪਈ ਸੀ।

ਪਿੰਡ ਵਿਰਕ ਖ਼ੁਰਦ ਵਿੱਚ ਪਾਣੀ ਦੀ ਸਪਲਾਈ, ਨਾਲ ਦੇ ਪਿੰਡ ਵਿਰਕ ਕਲਾਂ ਤੋਂ ਆਉਂਦੀ ਸੀ ਜਿਹੜੀ ਕਿ ਪਿੰਡ ਦੀ ਜ਼ਰੂਰਤ ਤੋਂ ਬਹੁਤ ਘੱਟ ਸੀ। ਪਿੰਡ ਵਿੱਚ ਵਧੇਰੇ ਲੋਕਾਂ ਦੇ ਗ਼ਰੀਬ ਹੋਣ ਕਾਰਨ ਲਾਭਪਾਤਰੀ ਹਿੱਸਾ ਇੱਕਠਾ ਕਰਨਾ ਕਾਫ਼ੀ ਮੁਸ਼ਕਲ ਕੰਮ ਸੀ। ਪਰ ਪਾਣੀ ਦੀ ਘਾਟ ਹੋਣ ਕਾਰਨ ਪਿੰਡ ਦੇ ਲੋਕਾਂ ਵਿਚ ਨਵੀਂ ਜਲ ਸਪਲਾਈ ਸਕੀਮ ਪ੍ਰਤੀ ਭਾਰੀ ਉਤਸ਼ਾਹ ਸੀ । ਡੀ.ਪੀ.ਐੱਮ.ਸੀ ਬਠਿੰਡਾ ਵੱਲੋਂ ਲਗਾਤਾਰ ਲੋਕਾਂ ਨਾਲ ਰਾਬਤਾ ਅਤੇ ਕੋਸ਼ਿਸ਼ ਕਰਨ ਉਪਰੰਤ ਬਣਦਾ ਲਾਭਪਾਤਰੀ ਹਿੱਸਾ ਇਕੱਠਾ ਕੀਤਾ ਗਿਆ।

ਕਮੇਟੀ ਦੇ ਕੁੱਲ 11 ਮੈਂਬਰ ਹਨ ਜਿਸ ਦੇ ਮੌਜੂਦਾ ਚੇਅਰਪਰਸਨ ਸ੍ਰੀ ਮਤੀ ਗੁਰਮੇਲ ਕੌਰ ਹਨ ਜੋ ਕਿ ਸਕੀਮ ਦੀ ਉਸਾਰੀ ਤੋਂ ਬਾਅਦ ਸਕੀਮ ਦੀ ਸਾਂਭ-ਸੰਭਾਲ ਦਾ ਕੰਮ ਬਹੁਤ ਹੀ ਕੁਸ਼ਲ ਤਰੀਕੇ ਨਾਲ ਨਿਭਾ ਰਹੇ ਹਨ।

ਪਿੰਡ ਵਿੱਚ ਹੁਣ ਤੱਕ ਪਾਣੀ ਦੇ 299 ਕੁਨੈਕਸ਼ਨ ਲਗਾਏ ਜਾ ਚੁੱਕੇ ਹਨ ਜੋ ਕਿ ਕੁੱਲ ਘਰਾਂ ਦਾ 90 ਪ੍ਰਤੀਸ਼ਤ ਬਣਦਾ ਹੈ। ਘਰਾਂ ਨੂੰ ਰੋਜ਼ਾਨਾ ਸਪਲਾਈ ਦਿਨ ਵਿਚ ਦੋ ਵਾਰ ਸਵੇਰੇ ਅਤੇ ਸ਼ਾਮ ਮਿਲ ਰਹੀ ਹੈ । ਪਾਣੀ ਦਾ ਬਿਲ 75/- ਰੁਪਏ ਪ੍ਰਤੀ ਮਹੀਨਾ ਪ੍ਰਤੀ ਘਰ ਲਿਆ ਜਾ ਰਿਹਾ ਹੈ । ਜਿਹੜਾ ਕਿ ਲਗਭਗ 20000/- ਰੁਪਏ ਬਣਦਾ ਹੈ। ਲਗਭਗ 4000/- ਰੁਪਏ ਬਿਜਲੀ ਦਾ ਬਿਲ ਆਉਂਦਾ ਹੈ।



ਵਿਰਕ ਖ਼ੁਰਦ ਦੀ ਜਲ ਸਪਲਾਈ ਸਕੀਮ ਨੂੰ ਦੇਖਦੇ ਹੋਏ ਪਿੰਡ ਵਾਸੀ

ਪਿੰਡ ਦੀ ਗ੍ਰਾਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਨੂੰ ਸਾਂਭ-ਸੰਭਾਲ ਸਬੰਧੀ ਸਿਖਲਾਈ ਡੀ.ਪੀ.ਐੱਮ.ਸੀ. ਬਠਿੰਡਾ ਵੱਲੋਂ ਸਮੇਂ ਸਮੇਂ ਸਿਰ ਦਿੱਤੀ ਜਾ ਰਹੀ ਹੈ । ਪੰਪ ਉਪਰੇਟਰ ਅਤੇ ਪਲੰਬਰ ਨੂੰ ਤਕਨੀਕੀ ਸਿਖਲਾਈ ਆਈ. ਟੀ. ਆਈ. ਰਾਹੀਂ ਉਪਲੱਬਧ ਕਰਵਾਈ ਗਈ ਹੈ ਜਿਸ ਦੇ ਸਿੱਟੇ ਵਜੋਂ ਪਿੰਡ ਵਿੱਚ ਪਾਣੀ ਦੇ ਕੁਨੈਕਸ਼ਨ ਸਹੀ ਤਕਨੀਕ ਨਾਲ ਲਗਾਏ ਜਾ ਰਹੇ ਹਨ।

ਨਵੰਬਰ 2008 ਵਿੱਚ ਵਿਸ਼ਵ ਬੈਂਕ ਦੀ ਟੀਮ ਵਲੋਂ ਪਿੰਡ ਦੀ ਜਲ ਸਪਲਾਈ ਸਕੀਮ ਸਬੰਧੀ ਦੌਰਾ ਕੀਤਾ ਗਿਆ ਅਤੇ ਪਿੰਡ ਦੇ ਲੋਕਾ ਨੂੰ ਪਾਣੀ ਦੇ ਨਵੇਂ ਕੁਨੈਕਸ਼ਨ ਲੈਣ ਪ੍ਰਤੀ ਅਤੇ ਪਾਣੀ ਦੀ ਸਹੀ ਵਰਤੋਂ ਸਬੰਧੀ ਜਾਗਰੂਕ ਕੀਤਾ ਗਿਆ ਜਿਸਦਾ ਲੋਕਾਂ ਤੇ ਬਹੁਤ ਉਸਾਰੂ ਪ੍ਰਭਾਵ ਪਿਆ।

## ਐਸ. ਏ. ਐਸ. ਨਗਰ ਜ਼ਿਲ੍ਹੇ ਵਿੱਚ ਉਤਸ਼ਾਹ ਦੀ ਲਹਿਰ



ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਵੱਲੋਂ ਨਿਰਮਲ ਜਲ ਪੱਤ੍ਰਿਕਾ ਸ਼ੁਰੂ ਕਰਕੇ ਬਹੁਤ ਹੀ ਸ਼ਲਾਘਾਯੋਗ ਕਦਮ ਚੁੱਕਿਆ ਹੈ। ਪੇਂਡੂ ਖੇਤਰ ਵਿੱਚ ਨਿਰਮਲ ਜਲ ਯੋਜਨਾ ਸ਼ੁਰੂ ਹੋਣ ਨਾਲ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਬਣੀ ਹੋਈ ਹੈ ਕਿਉਂਕਿ ਨਿਰਮਲ ਜਲ ਪੀਣ ਨਾਲ ਲੋਕਾਂ ਦੀਆਂ ਬਿਮਾਰੀਆਂ ਦਾ ਹੱਲ ਹੋ ਜਾਵੇਗਾ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਵਿੱਚ ਇਸ ਯੋਜਨਾ ਅਧੀਨ 22 ਪਿੰਡਾਂ ਵਿੱਚ 771.20 ਲੱਖ ਰੁਪਏ ਦੀ ਲਾਗਤ ਨਾਲ 22 ਸਕੀਮਾਂ ਚਾਲੂ ਕੀਤੀਆਂ ਗਈਆਂ ਹਨ। ਜਿਨਾਂ ਨਾਲ 28930 ਲੋਕਾਂ ਨੂੰ ਸਾਫ਼-ਸੁਥਰਾ ਪਾਣੀ ਮਿਲ ਰਿਹਾ ਹੈ। ਚਾਲੂ ਮਾਲੀ ਸਾਲ ਦੌਰਾਨ ਜ਼ਿਲ੍ਹੇ ਵਿੱਚ 57 ਹੋਰ ਸਕੀਮਾਂ ਚਲਾਉਣ ਦੀ ਤਜਵੀਜ ਹੈ।

ਪ੍ਰਭਜੋਤ ਸਿੰਘ ਮੰਡ
ਡਿਪਟੀ ਕਮਿਸ਼ਨਰ, ਐਸ.ਏ.ਐਸ ਨਗਰ

ਪੇਜ 2 ਦੀ ਬਾਕੀ

## ਸਿੰਘਪੁਰਾ ਦੀ ਜਲ ਸਪਲਾਈ ਸਕੀਮ ਬੁਲੰਦੀਆਂ 'ਤੇ

ਜਾਵੇਗੀ ਤਾਂ ਇਸ ਸਕੀਮ ਤੇ ਬਿਜਲੀ ਦਾ ਬਿਲ ਵੀ ਘੱਟ ਆਵੇਗਾ। ਇਸ ਸਬੰਧੀ ਪਿੰਡ ਵਾਸੀਆਂ ਵੱਲੋਂ ਪੂਰਾ ਹੁੰਗਾਰਾ ਮਿਲ ਰਿਹਾ ਹੈ।

ਕਮੇਟੀ ਦੇ ਕੰਮਾਂ ਨੂੰ ਦੇਖਣ ਲਈ ਮਿਤੀ 28-04-2010 ਨੂੰ ਵਿਸ਼ਵ ਬੈਂਕ ਦੀ ਟੀਮ ਵੱਲੋਂ ਨਿਗਰਾਣ ਇੰਜੀਨੀਅਰ ਐਨ.ਕੇ. ਧੀਰ ਦੀ ਅਗਵਾਈ ਹੇਠ ਇਸ ਪਿੰਡ ਦਾ ਦੌਰਾ ਕੀਤਾ ਗਿਆ। ਵਿਸ਼ਵ ਬੈਂਕ ਦੇ ਅਧਿਕਾਰੀ-ਸ੍ਰੀ ਸਿਆਮਲ ਸਰਕਾਰ, ਸ੍ਰੀਮਤੀ ਕਿਰਨ ਨੇਗੀ ਅਤੇ ਸ੍ਰੀਮਤੀ ਸੋਮਾ ਘੋਸ ਮੌਲਿਕ ਵੱਲੋਂ ਸਕੀਮ ਦੀ ਉਸਾਰੀ ਅਤੇ ਦੇਖਭਾਲ ਵਿੱਚ ਕਮੇਟੀ ਦੇ ਮੈਂਬਰਾਂ ਦੀ ਜਾਣਕਾਰੀ ਅਤੇ ਉਹਨਾਂ ਦੀ ਸਕੀਮ ਪ੍ਰਤੀ ਰੁਚੀ ਦੇਖ ਕੇ ਕਮੇਟੀ ਦੁਆਰਾ ਦਿੱਤੇ ਯੋਗਦਾਨ ਦੀ ਸਲਾਘਾ ਕੀਤੀ, ਖਪਤਕਾਰਾਂ ਨਾਲ ਸਬੰਧਤ ਲੇਜਰਾਂ, ਰਸੀਦ ਬੁਕਾਂ ਅਤੇ ਨਿੱਜੀ ਪਾਸ ਬੁਕਾਂ ਨੂੰ ਸਹੀ ਢੰਗ ਨਾਲ ਮੈਨਟੇਨ ਹੋਇਆ ਦੇਖ ਕੇ ਵਿਸ਼ਵ ਬੈਂਕ ਦੀ ਟੀਮ ਬੇਹੱਦ ਪ੍ਰਭਾਵਿਤ ਹੋਈ।

ਟੀਮ ਨੇ ਪਿੰਡ ਵਿੱਚ ਘਰ-ਘਰ ਜਾ ਕੇ ਨਿੱਜੀ ਪੱਧਰ ਤੇ ਪਾਣੀ ਸਪਲਾਈ ਸਬੰਧੀ ਜਾਣਕਾਰੀ ਲਈ ਅਤੇ ਮਹਿਕਮੇ ਦੇ ਅਧਿਕਾਰੀਆਂ ਦੇ ਯੋਗਦਾਨ ਸਦਕਾ ਅਤੇ ਕਮੇਟੀ ਦੇ ਮੈਂਬਰਾਂ ਦੁਆਰਾ ਕੀਤੇ ਗਏ ਯਤਨਾਂ ਨੂੰ ਦੇਖ ਕੇ ਖ਼ੁਸ਼ੀ ਪ੍ਰਗਟ ਕੀਤੀ।


## ਜਲ ਯੋਜਨਾ ਦੇ ਪਾਣੀ ਦੀ ਸਪਲਾਈ ਸਬੰਧੀ ਸਮੱਸਿਆਵਾਂ ਘਰ ਬੈਠੇ ਨੋਟ ਕਰਾਉ




ਪੀਣ ਵਾਲੇ ਪਾਣੀ ਦੀਆਂ ਸ਼ਿਕਾਇਤਾਂ ਸਬੰਧੀ ਸੰਪਰਕ ਕਰੋ
ਟੋਲ ਫ੍ਰੀ ਨੰਬਰ
**1800-180-2468**
ਸ਼ਿਕਾਇਤ ਨਿਵਾਰਣ ਕੇਂਦਰ, ਵਾਟਰ ਵਰਕਸ ਫੇਜ਼-2, ਐਸ.ਏ.ਐਸ.ਨਗਰ

24
24 ਘੰਟੇ
ਸ਼ਿਕਾਇਤਾਂ ਦਰਜ

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ



ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ

ਸਟੇਟ ਪ੍ਰੋਗਰਾਮ ਮੈਨੇਜਮੈਂਟ ਸੈੱਲ
ਵਾਟਰ ਵਰਕਸ ਕੰਪਲੈਕਸ,
ਫੇਜ਼ 2, ਐਸ.ਏ.ਐਸ. ਨਗਰ
(ਮੁਹਾਲੀ), ਪੰਜਾਬ
ਫ਼ੋਨ : 0172-4330316, 4330317

Website:
www.wbprwssproject.org

email:
spsspmc@gmail.com




Design and Concept by : buzzimo.com, Printed by : Azad Offset Printer (P) Ltd, Chandigarh